ਅਸਲ ਸਮ੍ਰਿਤੀ ਦਾ ਪ੍ਰਮਾਣ - ਸਮਰਥ ਸਵਰੂਪ ਬਣ ਸ਼ਕਤੀਆਂ ਦਵਾਰਾ ਸਰਵ ਦੀ ਪਾਲਣਾ ਕਰੋ।

ਅੱਜ ਸਭ ਦੇ ਦਿਲ ਵਿੱਚ ਸਮ੍ਰਿਤੀਆਂ ਆ ਰਹੀਆਂ ਹਨ। ਬਾਪਦਾਦਾ ਦੇ ਕੋਲ ਵੀ ਅੰਮ੍ਰਿਤਵੇਲੇ ਤੋਂ ਸਨੇਹ ਅਤੇ ਯਾਦ ਦੀ ਵਰਾਇਟੀ ਮਾਲਾਵਾਂ ਚਾਰੋਂ ਪਾਸੇ ਦੇ ਗਲੇ ਵਿੱਚ ਪੈ ਰਹੀਆਂ ਸਨ। ਨਾਲ - ਨਾਲ ਯਾਦ ਅਤੇ ਪਿਆਰ ਦੇ ਦਿਲ ਦੇ ਗੀਤ ਵੀ ਸੁਣ ਰਹੇ ਸਨ। ਬਾਪਦਾਦਾ ਦੋਵੇਂ ਬੱਚਿਆਂ ਨੂੰ ਰਿਟਰਨ ਵਿੱਚ ਵੱਖ - ਵੱਖ ਸ਼ਕਤੀਆਂ ਦੀ, ਵੱਖ - ਵੱਖ ਵਰਦਾਨਾਂ ਦੀਆਂ ਮਾਲਾਵਾਂ ਪਹਿਣਾ ਰਹੇ ਸਨ। ਇਹ ਸਮ੍ਰਿਤੀ ਦਿਵਸ ਸਾਕਾਰ ਦੁਨੀਆਂ ਦੇ ਮੰਚ ਤੇ ਬੱਚਿਆਂ ਨੂੰ ਸਮਰਥੀ ਸਵਰੂਪ ਦੇ ਵਰਦਾਨ ਦਵਾਰਾ ਸਨ ਸੋਜ਼ ਫ਼ਾਦਰ ਦਾ ਵਿਸ਼ੇਸ਼ ਦਿਵਸ ਹੈ ਕਿਉਂਕਿ ਸਾਕਾਰ ਰੂਪ ਵਿੱਚ ਸੇਵਾ ਦੇ ਨਿਮਿਤ ਬਣਨ ਦੇ ਲਈ ਬੱਚਿਆਂ ਨੂੰ ਸੇਵਾ ਦੇ ਮੰਚ ਰੂਪੀ ਤਖ਼ਤ ਤੇ ਬਿਠਾਉਣ ਅਤੇ ਜ਼ਿਮੇਵਾਰੀ ਦਾ ਤਾਜ਼ ਪਹਿਨਾਉਣ ਦਾ ਦਿਨ ਹੈ। ਸਾਕਾਰ ਰੂਪ ਵਿੱਚ ਸੇਵਾ ਦੇ ਨਿਮਿਤ ਬਣਨ ਦੀ ਤਾਜਪੋਸ਼ੀ ਅਤੇ ਤਿਲਕ ਦਾ ਦਿਵਸ ਹੈ। ਸਭ ਬੱਚੇ ਬਾਪ ਦੇ ਸਹਿਯੋਗੀ ਬਣ ਨਿਮਿਤ ਬਣੇ ਹਨ ਅਤੇ ਬਣਦੇ ਰਹਿਣਗੇ। ਬਾਪਦਾਦਾ ਵੀ ਬੱਚਿਆਂ ਨੂੰ ਸੇਵਾ ਵਿੱਚ ਉਮੰਗ -ਉਤਸ਼ਾਹ ਨਾਲ ਅੱਗੇ ਵੱਧਦੇ ਹੋਏ ਦੇਖ ਖੁਸ਼ ਹੋ ਰਹੇ ਹਨ। ਹਰ ਇੱਕ ਬੱਚਾ ਨੰਬਰਵਾਰ ਹਿੰਮਤ ਅਤੇ ਉਮੰਗ ਨਾਲ ਆਗੇ ਵੱਧ ਰਿਹਾ ਹੈ। ਮੈਜੋਰਿਟੀ ਬੱਚੇ ਯਾਦ ਅਤੇ ਸੇਵਾ ਵਿੱਚ ਲੱਗੇ ਰਹਿੰਦੇ ਹਨ। ਜਿਵੇਂ ਅੱਜ ਦੇ ਦਿਨ ਵਿਸ਼ੇਸ਼ ਬੱਚੇ ਵਿਸ਼ੇਸ਼ ਚਾਰੋਂ ਪਾਸੇ ਬ੍ਰਹਮਾ ਬਾਪ ਦੀ ਯਾਦ ਵਿੱਚ ਲਵਲੀਨ ਰਹਿੰਦੇ ਹਨ, ਇਵੇਂ ਦੇ ਵਿਸ਼ੇਸ਼ ਬ੍ਰਹਮਾ ਬਾਪ ਵੀ ਬੱਚਿਆਂ ਦੇ ਲਵ ਵਿੱਚ ਲੀਨ ਰਹਿੰਦੇ ਹਨ।

ਅੱਜ ਬ੍ਰਹਮਾ ਬਾਪ ਬੱਚਿਆਂ ਦੀ ਵਿਸ਼ੇਸ਼ਤਾਵਾਂ ਨੂੰ ਦੇਖ ਰਹੇ ਹਨ। ਜਿਵੇਂ - ਜਿਵੇਂ ਬੱਚਿਆਂ ਦੀ ਵਿਸ਼ੇਸ਼ਤਾ ਸਾਹਮਣੇ ਆ ਰਹੀ ਸੀ ਤਾਂ ਬ੍ਰਹਮਾ ਬਾਪ ਦੇ ਮੂੰਹ ਤੋਂ ਇਹੀ ਬੋਲ ਨਿਕਲ ਰਹੇ ਸਨ ਵਾਹ ਬੱਚੇ ਵਾਹ! ਸਾਬਾਸ਼ ਬੱਚੇ ਸਾਬਾਸ਼! ਹੋਰ ਕੀ ਹੋਇਆ? ਜਿਵੇਂ ਹੀ ਬੱਚੇ ਬ੍ਰਹਮਾ ਬਾਪ ਵਾਹ ਬੱਚੇ ਸਾਬਾਸ਼ ਬੱਚੇ ਕਹਿ ਰਹੇ ਸਨ, ਇਵੇਂ ਹੀ ਸਭ ਬੱਚਿਆਂ ਦੇ ਨੈਣਾਂ ਤੋਂ ਪ੍ਰੇਮ ਦੀ ਗੰਗਾ, ਜਮੁਨਾ ਨਿਕਲ ਰਹੀ ਸੀ। ਹਰ ਇੱਕ ਬੱਚਾ ਪ੍ਰੇਮ ਦੀ ਨਦੀ ਵਿੱਚ ਲਵਲੀਨ ਸੀ। ਇਹ ਸੀ ਵਤਨ ਦਾ ਦ੍ਰਿਸ਼। ਸਾਕਾਰ ਦੁਨੀਆਂ ਵਿੱਚ ਵੀ ਹਰ ਇੱਕ ਸਥਾਨ ਦਾ ਆਪਣਾ - ਆਪਣਾ ਯਾਦ ਅਤੇ ਸਨੇਹ ਦਾ ਦ੍ਰਿਸ਼ ਬਾਪਦਾਦਾ ਨੇ ਦੇਖਿਆ। ਹੁਣ ਅੱਗੇ ਕੀ ਕਰਨਾ ਹੈ? ਸਮ੍ਰਿਤੀ ਤੇ ਰਹਿੰਦੀ ਹੈ ਪਰ ਅਸਲ ਸਮ੍ਰਿਤੀ ਦਾ ਪ੍ਰਮਾਣ ਹੈ ਸਮ੍ਰਿਤੀ ਦਵਾਰਾ ਸਮਰਥ ਸਵਰੂਪ ਬਣਨਾ। ਸਮ੍ਰਿਤੀ ਅਤਿ ਸ਼੍ਰੇਸ਼ਠ ਹੈ, ਜਦੋਂ ਬ੍ਰਾਹਮਣ ਬਣੇ ਤਾਂ ਬਾਪਦਾਦਾ ਦਵਾਰਾ ਜੋ ਜਨਮ ਸਿੱਧ ਅਧਿਕਾਰ ਪ੍ਰਾਪਤ ਕੀਤਾ, ਉਹ ਸੈਕਿੰਡ ਦੀ ਸਮ੍ਰਿਤੀ ਦਵਾਰਾ ਹੀ ਪ੍ਰਾਪਤ ਕੀਤਾ। ਦਿਲ ਨੇ ਜਾਣਿਆ, ਦਿਲ ਵਿੱਚ, ਮਨ ਵਿੱਚ, ਬੁੱਧੀ ਵਿੱਚ ਸਮ੍ਰਿਤੀ ਆਈ "ਮੈਂ ਬਾਬਾ ਦਾ ਅਤੇ ਬਾਬਾ ਮੇਰਾ", ਇਸ ਸਮ੍ਰਿਤੀ ਦਵਾਰਾ ਹੀ ਜਨਮ ਸਿੱਧ ਅਧਿਕਾਰ ਦੇ ਅਧਿਕਾਰੀ ਬਣੇ। ਇਹ ਸਮ੍ਰਿਤੀ ਸਰਵ ਸ਼ਕਤੀਆਂ ਦੀ ਚਾਬੀ ਬਣੀ। ਇਹ ਸਮ੍ਰਿਤੀ ਗੋਲਡਨ ਦੀ ਹੈ। ਮੈਂ ਬਾਪ ਦੀ ਮਤਲਬ ਮੈਂ ਆਤਮਾ ਹਾਂ, ਜਦੋਂ ਨਿਸ਼ਚੇ ਹੋਇਆ ਮੈਂ ਆਤਮਾ ਬਾਪ ਦੀ ਬੱਚੀ ਹਾਂ, ਤਾਂ ਨਿਸ਼ਚੇ ਵਿੱਚ ਕਿੰਨਾ ਟਾਇਮ ਲੱਗਿਆ? ਕੋਰਸ ਕਰਾਉਣ ਵਿੱਚ ਟਾਇਮ ਲੱਗਿਆ ਪਰ ਜਦੋਂ ਨਿਸ਼ਚੇ ਹੋਇਆ ਤਾਂ ਕਿੰਨਾ ਟਾਇਮ ਲੱਗਿਆ? ਸੇਕਿੰਡ ਦਾ ਸੌਦਾ ਹੋਇਆ ਨਾ! ਸੈਕਿੰਡ ਵਿੱਚ ਵਰਸੇ ਦੇ ਅਧਿਕਾਰੀ ਬਣ ਗਏ। ਅਧਿਕਾਰੀ ਤੇ ਸਭ ਬਣ ਗਏ ਹਨ, ਸਭ ਅਧਿਕਾਰੀ ਬਣੇ ਹਨ ਨਾ ਜਾਂ ਬਣ ਰਹੇ ਹਨ? ਅਧਿਕਾਰੀ ਬਣ ਗਏ ਹਨ? ਇਹ ਪੱਕਾ ਹੈ। ਅੱਛਾ।

ਡਬਲ ਫਾਰਨੇਰਸ ਵਰਸੇ ਦੇ ਅਧਿਕਾਰੀ ਬਣ ਗਏ ਹਨ? ਪਾਂਡਵ ਅਧਿਕਾਰੀ ਬਣ ਗਏ ਹਨ? ਪੱਕਾ? ਪੱਕਾ? ਪੱਕਾ? ਬਹੁਤ ਚੰਗਾ, ਮੁਬਾਰਕ ਹੋਵੇ ਅਧਿਕਾਰੀਆਂ ਨੂੰ। ਅਧਿਕਾਰੀ ਵਿੱਚ ਵਿਸ਼ੇਸ਼ ਬਾਪ ਦਵਾਰਾ ਸਰਵ ਸ਼ਕਤੀਆਂ ਮਿਲਿਆ ਹਨ? ਇੱਕ ਹੱਥ ਉਠਾਓ ਮਿਲੀਆਂ ਹਨ? ਸਰਵ ਸ਼ਕਤੀਆਂ ਮਿਲੀਆਂ ਹਨ ਨਾ! ਜਾਂ ਕਿਸੇਨੂੰ 8 ਮਿਲਿਆਂ ਹਨ, ਕਿਸੇਨੂੰ 6 ਮਿਲੀਆਂ ਹਨ? ਆਪਣੇ ਨੂੰ ਕਹਾਉਂਦੇ ਵੀ ਹਨ - ਮਾਸਟਰ ਸਰਵਸ਼ਕਤੀਮਾਨ। ਸ਼ਕਤੀਆਂ ਨਹੀਂ ਕਹਿੰਦੇ ਹਨ, ਸਰਵਸ਼ਕਤੀਮਾਨ ਕਹਿੰਦੇ ਹੋ। ਇਹ ਅੱਗੇ ਬੈਠਨ ਵਾਲੇ ਸਰਵਸ਼ਕਤੀਮਾਨ ਹਨ? ਬਾਪਦਾਦਾ ਸਰਵ ਸ਼ਬਦ ਦਾ ਪੁੱਛ ਰਹੇ ਹਨ? ਸਭ ਸਰਵ ਸ਼ਕਤੀਮਾਨ ਹੋ ਜਾਂ ਕੋਈ - ਕੋਈ ਸ਼ਕਤੀਵਾਣ ਵੀ ਹਨ? ਹਨ ਕੋਈ? ਜੋ ਕਹੇ ਮੈਂ ਸ਼ਕਤੀਮਾਨ ਹਾਂ, ਇਵੇਂ ਕੋਈ ਹੈ? ਨਹੀਂ ਹੈ? ਕੋਈ ਹੱਥ ਨਹੀਂ ਉੱਠ ਰਿਹਾ ਹੈ। ਸਭ ਮਾਸਟਰ ਸਰਵਸ਼ਕਤੀਵਾਨ ਹਨ! ਤਾਂ ਮਾਸਟਰ ਸਰਵਸ਼ਕਤੀਮਾਨ ਹੈ ਨਾ? ਇਹ ਪ੍ਰਕ੍ਰਿਤੀ, ਮਾਇਆ ਸੰਸਕਾਰ, ਵਾਯੂਮੰਡਲ ਜਾਂ ਸੰਗਦੋਸ਼ ਇਹਨਾਂ ਪੰਜਾਂ ਨੂੰ ਆਪਣੀ ਸ਼ਕਤੀ ਦੇ ਆਧਾਰ ਨਾਲ ਅਧੀਨ ਬਣਾਇਆ ਹੈ? ਇਹ 5 ਸ਼ੀਸ਼ ਵਾਲਾ ਸੱਪ ਹੈ, ਇਸ ਸੱਪ ਤੇ, 5 ਸਿਰ ਤੇ ਅਧਿਕਾਰੀ ਬਣ ਡਾਂਸ ਕਰਦੇ ਹੋ? ਕਰਦੇ ਹੋ ਜਾਂ ਕੋਈ ਇੱਕ ਸਿਰ ਨਿਕਲੇ ਤੁਹਾਡੇ ਉਪਰ ਡਾਂਸ ਕਰਦਾ ਹੈ? ਸੱਪ ਵੀ ਡਾਂਸ ਤੇ ਕਰਦਾ ਹੈ ਨਾ ਬਹੁਤ ਵਧੀਆ। ਤਾਂ ਕੋਈ ਵੀ ਇੱਕ ਸਿਰ ਤੁਹਾਨੂੰ ਡਾਂਸ ਦਿਖਾਉਣ ਤੇ ਨਹੀਂ ਆਉਂਦੇ? ਕਦੀ ਉਸਦਾ ਖੇਡ ਦੇਖਣਾ ਚੰਗਾ ਤਾਂ ਨਹੀਂ ਲੱਗਦਾ ਹੈ? ਖੇਡ ਦੇਖਣ ਲੱਗ ਜਾਓ। 5 ਹੀ ਸੱਪਾ ਨੂੰ ਗਲੇ ਦੀ ਮਾਲਾ ਬਣਾ ਦਿੱਤੀ ਹੈ? ਬਾਕੀ ਸ਼ੇਸ਼ ਸ਼ੇਆ ਬਣਾ ਦਿੱਤੀ ਹੈ, ਡਾਂਸ ਮੰਚ ਬਣਾ ਦਿੱਤਾ ਹੈ? ਤੁਹਾਡੇ ਅੰਤਿਮ ਮਹਾਦੇਵ, ਤੱਪਸਵੀ ਦੇਵ, ਅਸ਼ਰੀਰੀ ਸਥਿਤੀ ਵਾਲੀ ਦੇਵ ਆਤਮਾ, ਫਰਿਸ਼ਤਾ ਆਤਮਾ ਇਸ ਯਾਦਗਾਰ ਵਿੱਚ ਇਹ ਸਭ ਸੱਪ ਗਲੇ ਦੀ ਮਾਲਾ ਦਿਖਾਈ ਹੈ। ਜਦੋਂ ਇਹ ਮਾਲਾ ਪਹਿਨਦੇ ਉਦੋ ਬਾਪ ਦੀ ਮਾਲਾ ਵਿੱਚ ਨੰਬਰ ਚੰਗੇ ਵਿੱਚ

ਨਜ਼ਦੀਕ ਮਣਕੇ ਬਣਦੇ ਹਨ। ਵਿਜੇ ਮਾਲਾ ਦੇ ਸਮੀਪ ਦੇ ਮਣਕੇ ਬਣਦੇ ਹਨ।

ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਹੈ ਕਿ ਵਰਤਮਾਨ ਸਮੇਂ, ਸਮੇਂ ਦੇ ਅਨੁਸਾਰ ਵਿਸ਼ੇਸ਼ ਸਹਿਣਸ਼ਕਤੀ ਅਤੇ ਸਮੱਸਿਆ ਜਾਂ ਪਰਿਸਥਿਤੀ ਨੂੰ ਸਾਹਮਣਾ ਕਰਨ ਦੀ ਸ਼ਕਤੀ ਕਰਮ ਵਿੱਚ ਜਰੂਰੀ ਹੈ। ਸਿਰਫ਼ ਮਨ ਅਤੇ ਵਾਣੀ ਤੱਕ ਨਹੀਂ, ਕਰਮ ਤੱਕ ਜਰੂਰੀ ਹੈ। ਬਾਪਦਾਦਾ ਨੇ ਰਿਜ਼ਲਟ ਵਿੱਚ ਦੇਖਿਆ ਹੈ, ਸ਼ਕਤੀਆਂ ਨਹੀਂ ਹਨ - ਇਹ ਨਹੀਂ ਹੈ, ਪਰ ਫ਼ਰਕ ਕੀ ਪੈ ਜਾਂਦਾ ਹੈ? ਸਮੇਂ ਤੇ ਜੋ ਸ਼ਕਤੀ ਜਿਸ ਵਿਧੀ ਨਾਲ ਕੰਮ ਵਿੱਚ ਲਗਾਉਣੀ ਚਾਹੀਦੀ ਹੈ, ਉਹ ਸਮੇਂ ਤੇ ਅਤੇ ਵਿਧੀ ਪੂਰਵਕ ਯੂਜ਼ ਕਰਨ ਵਿੱਚ, ਕੰਮ ਵਿੱਚ ਲਗਾਉਣ ਵਿੱਚ ਅੰਤਰ ਪੈ ਜਾਂਦਾ ਹੈ। ਪਰ ਸਮ੍ਰਿਤੀ ਨੂੰ ਸਮਰਥ ਵਿੱਚ ਨਹੀਂ ਲਿਆਉਂਦੇ। ਸਮ੍ਰਿਤੀ ਜ਼ਿਆਦਾ ਹੈ, ਸਮਰਥੀ ਕਦੀ ਘਟ, ਕਦੀ ਠੀਕ ਹੋ ਜਾਂਦੀ। ਸਮ੍ਰਿਤੀ ਨੇ ਵਰਸੇ ਦੇ ਅਧਿਕਾਰੀ ਤਾਂ ਬਣਾ ਦਿੱਤਾ ਹੈ ਪਰ ਹਰ ਸਮ੍ਰਿਤੀ ਨੂੰ ਸਮਰਥੀ ਵਿਜੇਈ ਬਣਾਏ ਵਿਜੇ ਮਾਲਾ ਦਾ ਸਮੀਪ ਮਣਕਾ ਬਣਾਉਂਦੀ ਹੈ। ਸਮਰਥੀਆਂ ਨੂੰ ਸਵਰੂਪ ਵਿੱਚ ਲਿਆਓ। ਮਨ ਵਿੱਚ ਹੈ, ਬੁੱਧੀ ਵਿੱਚ ਹੈ ਪਰ ਤੁਹਾਡੇ ਸਵਰੂਪ ਵਿੱਚ ਹਰ ਕੰਮ ਵਿੱਚ, ਹਰ ਸਮਰਥੀ ਰੂਪ ਵਿੱਚ ਆਵੇ। ਤਾਂ ਸਮ੍ਰਿਤੀ ਦਿਵਸ ਤਾਂ ਬਹੁਤ ਵਧੀਆ ਮਨਾਇਆ। ਹੁਣ ਸਮਰਥੀਆਂ ਨੂੰ ਸਵਰੂਪ ਵਿੱਚ ਲਿਆਓ। ਜੇਕਰ ਕਿਸੇਨੂੰ ਵੀ ਦੇਖਦੇ ਹੋ ਤਾਂ ਤੁਹਾਡੇ ਨੈਣਾਂ ਨਾਲ ਸਮਰਥ ਸਵਰੂਪ ਅਨੁਭਵ ਹੋਵੇ। ਹਰ ਬੋਲ ਨਾਲ ਦੂਸਰਾ ਵੀ ਸਮਰਥ ਬਣ ਜਾਏ। ਸਮਰਥੀ ਦਾ ਅਨੁਭਵ ਕਰੇ। ਸਾਧਾਰਨ ਬੋਲ ਨਹੀਂ। ਹਰ ਬੋਲ ਵਿੱਚ ਜੋ ਸਮਰਥੀ ਦਾ ਵਰਦਾਨ ਮਿਲਿਆ ਹੈ ਉਹ ਅਨੁਭਵ ਕਰਾਓ। ਮਨ -ਬੁੱਧੀ ਦਵਾਰਾ ਸ੍ਰੇਸ਼ਠ ਸੰਕਲਪ ਅਤੇ ਸਹੀ ਨਿਰਣੇ ਸ਼ਕਤੀ ਦਾ ਵਾਯੂਮੰਡਲ ਸਵਰੂਪ ਵਿੱਚ ਲਿਆਓ। ਸਾਧਾਰਨ ਚਲਣ ਵਿੱਚ ਵੀ ਫਰਿਸ਼ਤੇ ਪਨ ਦੇ ਸਮਰਥੀ ਸਵਰੂਪ ਦਿਖਾਈ ਦਵੇ। ਡਬਲ ਲਾਇਟ ਦਾ ਖੁਦ ਨੂੰ ਵੀ ਅਤੇ ਦੂਸਰੇ ਨੂੰ ਵੀ ਅਨੁਭਵ ਹੋਵੇ। ਇਵੇਂ ਹੈ? ਤਾਂ ਚੱਲਦੇ - ਫਿਰਦੇ ਸਮਰਥ ਸਵਰੂਪ ਬਣੋ ਅਤੇ ਦੂਸਰੇ ਨੂੰ ਸਮਰਥੀ ਦਵਾਓ।

ਬਾਪ ਨੇ ਅੱਜ ਬ੍ਰਹਮਾ ਬਾਪ ਨੂੰ ਸੈਰ ਕਰਾਇਆ। ਕਿਥੋਂ ਦਾ ਸੈਰ ਕਰਾਇਆ? ਬ੍ਰਹਮਾ ਬਾਪ ਦੇ ਅਵਿੱਅਕਤ ਹੋਣ ਦੇ ਬਾਅਦ ਜੋ ਵੀ ਦੇਸ਼ - ਵਿਦੇਸ਼ ਵਿੱਚ ਅਵਿਅਕਤ ਜਨਮ ਲੈਣ ਵਾਲੇ ਹਨ, ਉਹ ਸਭ ਬ੍ਰਾਹਮਣ ਦਿਖਾਏ। ਤਾਂ ਉਹ ਕਿੰਨੇ ਹੋਣਗੇ? ਸਾਕਾਰ ਰੂਪ ਵਿੱਚ ਅਵਿੱਅਕਤ ਰੂਪ ਦੀ ਰਚਨਾ ਬਹੁਤ ਜ਼ਿਆਦਾ ਸੀ। ਹਰ ਸਥਾਨ ਦੇ ਅਵਿਅਕਤ ਰਚਨਾ ਵਾਲੀ ਆਤਮਾਵਾਂ ਨੂੰ ਵਤਨ ਵਿੱਚ ਇਮਰਜ਼ ਕੀਤਾ। ਸੁਣਿਆ! ਉਸ ਵਿੱਚ ਤੁਸੀਂ ਲੋਕ ਵੀ ਹੋ ਨਾ! ਅਤੇ ਹਰ ਇੱਕ ਨੂੰ ਬਾਪਦਾਦਾ ਨੇ ਬਹੁਤ ਸਨੇਹ ਦੀ, ਸਮੀਪ ਦੀ ਦ੍ਰਿਸ਼ਟੀ ਦਿੱਤੀ ਅਤੇ ਅਵਿਅਕਤ ਰਚਨਾ ਨੂੰ ਇੱਕ ਵਿਸ਼ੇਸ਼ ਗਿਫ਼੍ਰ ਵੀ ਦਿੱਤੀ। ਹੁਣ ਇੱਥੇ ਜੋ ਬੈਠੇ ਹੋ ਉਹ ਸਾਕਾਰ ਬ੍ਰਹਮਾ ਦੇ ਬਾਦ ਜੋ ਬ੍ਰਾਹਮਣ ਆਤਮਾ ਰਚਨਾ ਵਿੱਚ ਆਏ ਹੋ, ਉਹ ਹੱਥ ਉਠਾਓ। ਮੈਜੋਰਿਟੀ ਹਨ, ਅੱਛਾ ਥੱਲੇ ਕਰੋ। ਅੱਛਾ ਜੋ ਸਾਕਾਰ ਰੂਪ ਦੀ ਰਚਨਾ ਹੈ, ਉਹ ਹੱਥ ਉਠਾਓ। ਬਹੁਤ ਥੋੜੇ ਹਨ। ਅੱਜ ਦੀ ਸਭਾ ਵਿੱਚ ਬਹੁਤ ਥੋੜ੍ਹੇ ਹਨ। ਤਾਂ ਬਾਪਦਾਦਾ ਨੇ ਹਰ ਇੱਕ ਬੱਚੇ ਨੂੰ ਇਮਰਜ਼ ਕੀਤਾ, ਕਿਉਂਕਿ ਸੰਖਿਆ ਬਹੁਤ ਸੀ। ਇੱਥੇ ਤੇ ਬੈਠ ਵੀ ਨਹੀਂ ਸਕੋਂਗੇ, ਵਤਨ ਵਿੱਚ ਤਾਂ ਸਭ ਆ ਸਕਦੇ ਹਨ। ਉੱਥੇ ਜਿਨਾਂ ਵੱਡਾ ਸਥਾਨ ਚਾਹੀਦਾ ਹੈ ਓਨਾ ਸਥਾਨ ਹੈ। ਤਾਂ ਬਾਪਦਾਦਾ ਨੇ ਸਭ ਨੂੰ ਵਤਨ ਵਿੱਚ ਇਮਰਜ਼ ਕੀਤਾ ਮਤਲਬ ਨਿਮੰਤਰਣ ਦੇਕੇ ਬੁਲਾਇਆ। ਸਭ ਬੜੇ ਖੁਸ਼ ਹੋ ਰਹੇ ਸਨ ਅਤੇ ਬਾਪਦਾਦਾ ਉਹਨਾਂ ਤੋਂ ਜ਼ਿਆਦਾ ਖੁਸ਼ ਹੋ ਰਹੇ ਸਨ।

ਬਾਪਦਾਦਾ ਨੇ ਉਹਨਾਂ ਰਤਨਾਂ ਨੂੰ ਸੋਗਾਤ ਦਿੱਤੀ, ਬਹੁਤ ਸੁੰਦਰ ਬੇਦਾਗ਼ ਹੀਰੇ ਦਾ ਬਹੁਤ ਚਮਕਦਾ ਹੋਇਆ ਕਮਲ ਪੁਸ਼ਪ ਸੀ, ਜਿਸ ਵਿੱਚ ਇੱਕ - ਇੱਕ ਕਮਲ ਪੁਸ਼ਪ ਦੇ ਪੱਤੇ ਵਿੱਚ ਵੱਖ - ਵੱਖ ਸ਼ਕਤੀਆਂ ਸਨ, ਜੋ ਵੱਖ - ਵੱਖ ਰੰਗ ਨਾਲ ਚਕਮ ਰਹੀਆਂ ਸਨ। ਉਹ ਬੇਦਾਗ ਹੀਰੇ ਦਾ ਕਮਲ ਪੁਸ਼ਪ ਤੁਸੀਂ ਇਮਰਜ਼ ਕਰੋ ਕਿੰਨਾ ਸ਼ੋਭਨਿਕ ਹੋਵੇਗਾ। ਇਮਰਜ਼ ਹੋਇਆ? ਇਮਰਜ਼ ਕੀਤਾ? ਡਬਲ ਫਾਰਨਰਸ ਨੇ ਇਮਰਜ਼ ਕੀਤਾ? ਟੀਚਰਸ ਨੇ ਇਮਰਜ਼ ਕੀਤਾ? ਪਾਂਡਵਾਂ ਨੇ ਇਮਰਜ਼ ਕੀਤਾ? ਅਤੇ ਮਿੱਠੀ -ਮਿੱਠੀ ਮਾਤਾਵਾਂ ਨੇ ਇਮਰਜ਼ ਕੀਤਾ? ਮਾਤਾਵਾਂ ਇਸ ਵਿਸ਼ਵ ਵਿਧਾਲਿਆ ਦੀ ਵਿਸ਼ੇਸ਼ਤਾ ਹਨ। ਸਭ ਨੂੰ ਅਚੰਬਾ ਕਿਸ ਗੱਲ ਦਾ ਲੱਗਦਾ ਹੈ? ਕਿ ਇਨੀਆਂ ਮਾਤਾਵਾਂ ਹੋਰ ਸ਼ਕਤੀਆਂ ਬਣ ਗਈ! ਇੰਨੀਆਂ ਮਾਤਾਵਾਂ ਪਵਿੱਤਰਤਾ ਦਾ ਵਰਤ ਧਾਰਨ ਕਰ ਦੇਵੀਆਂ ਦੇ ਰੂਪ ਵਿੱਚ ਪਰਿਵਰਤਨ ਹੋ ਗਈ। ਮੈਜੋਰਿਟੀ ਮਾਤਾਵਾਂ ਦਿਖਾਈ ਦਿੰਦਿਆਂ ਹਨ। ਤੇ ਬਾਪਦਾਦਾ ਨੇ ਅੱਜ ਅਵਿੱਅਕਤ ਰਚਨਾ ਨੂੰ ਬਹੁਤ - ਬਹੁਤ ਪਿਆਰ ਦਿੱਤਾ ਅਤੇ ਵਤਨ ਵਿੱਚ ਬਗ਼ੀਚਾ ਵੀ ਇਮਰਜ਼ ਕੀਤਾ, ਪਹਾੜ ਵੀ ਇਮਰਜ਼ ਕੀਤਾ ਅਤੇ ਨਾਲ ਹੀ ਸਾਗਰ ਵੀ ਇਮਰਜ਼ ਕੀਤਾ। ਅਤੇ ਸਭ ਨੂੰ ਖੂਬ ਘੁਮਾਇਆ। ਫ੍ਰੀਡਮ ਸੀ ਘੁੰਮਣ ਦੀ। ਖੇਡ ਨਹੀਂ ਕਰਾਇਆ, ਬਾਲ ਅਤੇ ਬੈਟ -ਬਾਲ ਦਾ ਖੇਡ ਨਹੀਂ ਕਰਾਇਆ। ਕੋਈ ਸਾਗਰ ਵਿੱਚ ਲਹਿਰਾਂ ਵਿੱਚ ਲਹਿਰਾ ਰਹੇ ਸਨ, ਕੋਈ ਪਹਾੜੀ ਤੇ ਬੈਠੇ ਹੋਏ ਸਨ, ਕੋਈ ਬਗੀਚੇ ਵਿੱਚ ਘੁੰਮ ਰਹੇ ਸਨ, ਤੇ ਅੱਜ ਵਤਨ ਵਿੱਚ ਅਵਿਅਕਤ ਰਚਨਾ ਦੀ ਮਹੀਫਿਲ ਸੀ। ਬਾਪਦਾਦਾ ਨੇ ਸਭ ਨੂੰ ਇਹ ਹੀ ਵਰਦਾਨ ਦਿੱਤਾ ਸਦਾ ਸਰਵ ਸ਼ਕਤੀਆਂ ਵਿੱਚ ਜਿਉਂਦੇ ਰਹੋ , ਉੱਡਦੇ ਰਹੋ।

ਤਾਂ ਬਾਪਦਾਦਾ ਦਾ ਅੱਜ ਦੇ ਸਮ੍ਰਿਤੀ ਦਿਵਸ ਦਾ ਵਿਸ਼ੇਸ਼ ਮਹਾਮੰਤਰ ਹੈ "ਸਮ੍ਰਿਤੀ ਸਵਰੂਪ ਬਣ ਸਮਰਥੀਆਂ ਨੂੰ ਸਵਰੂਪ ਵਿੱਚ ਲਿਆਓ।" ਖਜਾਨੇ ਨੂੰ ਗੁਪਤ ਨਹੀਂ ਰੱਖੋ , ਹਰ ਕਰਮ ਦਵਾਰਾ ਬਾਹਰ ਵਿੱਚ ਪ੍ਰਤੱਖ ਕਰੋ। ਜੋ ਵੀ ਆਤਮਾ ਭਾਵੇਂ ਦ੍ਰਿਸ਼ਟੀ ਦੇ, ਭਾਵੇਂ ਮੁਖ ਦੇ ਬੋਲ ਵਿੱਚ, ਭਾਵੇਂ ਕਰਮ ਵਿੱਚ ਸੰਪਰਕ ਵਿੱਚ ਆਏ, ਉਸਨੂੰ ਸਮਰਥ ਬਣਾਉਣ ਦਾ ਸਹਿਯੋਗ ਦਵੋ, ਸਮਰਥ ਸਵਰੂਪ ਦਾ ਸਨੇਹ ਦਵੋ। ਬਾਪਦਾਦਾ ਨੇ ਇਹ ਵੀ ਦੇਖਿਆ ਕਿ ਜੋ ਨਵੇਂ - ਨਵੇਂ ਬੱਚੇ ਆਉਂਦੇ ਹਨ, ਉਹਨਾਂ ਵਿੱਚੋ ਕਈ ਆਤਮਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਨੂੰ ਬਾਪਦਾਦਾ ਦੇ ਸਹਿਯੋਗ ਦੇ ਨਾਲ -ਨਾਲ ਤੁਸੀਂ ਬ੍ਰਾਹਮਣ ਆਤਮਾਵਾਂ ਦਵਾਰਾ ਹਿੰਮਤ,ਉਮੰਗ, ਉਤਸ਼ਾਹ, ਹੱਲ ਮਿਲਣ ਦੀ ਜਰੂਰਤ ਹੈ। ਛੋਟੇ - ਛੋਟੇ ਹਨ ਨਾ! ਫਿਰ ਵੀ ਹਨ ਛੋਟੇ ਪਰ ਹਿੰਮਤ ਰੱਖ ਬ੍ਰਾਹਮਣ ਤੇ ਬਣੇ ਹੈ ਨਾ! ਤਾਂ ਛੋਟੀਆਂ ਨੂੰ ਸ਼ਕਤੀਆਂ ਦਵਾਰਾ ਪਾਲਣਾ ਦੀ

ਜਰੂਰਤ ਹੈ। ਹੋਰ ਪਾਲਣਾ ਨਹੀਂ, ਸ਼ਕਤੀ ਦੇਣ ਦੀ ਪਾਲਣਾ ਦੀ ਜਰੂਰਤ ਹੈ। ਤਾਂ ਜਲਦੀ ਤੋਂ ਸਥਾਪਣਾ ਦੀਆਂ ਬ੍ਰਾਹਮਣ ਆਤਮਾਵਾਂ ਤਿਆਰ ਹੋ ਜਾਣ ਕਿਉਂਕਿ ਘੱਟ ਤੋਂ ਘੱਟ 9 ਲੱਖ ਤਾਂ ਚਾਹੀਦੇ ਹਨ ਨਾ! ਤਾਂ ਸ਼ਕਤੀਆਂ ਦਾ ਸਹਿਯੋਗ ਦਵੋ, ਸ਼ਕਤੀਆਂ ਨਾਲ ਪਾਲਣਾ ਦਵੋ, ਸ਼ਕਤੀਆਂ ਵਧਾਓ, ਜ਼ਿਆਦਾ ਡਿਸਕਸ ਕਰਨ ਦੀਆਂ ਸਿੱਖਿਆਵਾਂ ਨਹੀਂ ਦਵੋ। ਸ਼ਕਤੀ ਦਵੋ। ਉਹਨਾਂ ਦੀ ਕਮਜ਼ੋਰੀ ਨਹੀਂ ਵੇਖੋ ਪਰ ਉਹਨਾਂ ਵਿੱਚ ਜੋ ਵਿਸ਼ੇਸ਼ਤਾ ਅਤੇ ਜੋ ਸ਼ਕਤੀ ਦੀ ਕਮੀ ਹੈ। ਜਿਗਿਆਸੂ ਵਧਾਏ, ਸੇਵਾਕੇਂਦਰ ਵਧਾਏ ਇਹ ਤਾਂ ਕਾਮਨ ਹੈ, ਪਰ ਇੱਕ ਆਤਮਾ ਨੂੰ ਬਾਪ ਦੀ ਮਦਦ ਨਾਲ ਸ਼ਕਤੀਸ਼ਾਲੀ ਬਣਾਏ, ਹੁਣ ਇਸਦੀ ਜਰੂਰਤ ਹੈ। ਸੇਵਾ ਤੇ ਸਭ ਕਰ ਰਹੇ ਹੋ ਅਤੇ ਕਰਨ ਦੇ ਬਿਨਾਂ ਰਹਿ ਵੀ ਨਹੀਂ ਸਕਦੇ। ਪਰ ਸੇਵਾ ਵਿੱਚ ਸ਼ਕਤੀ ਸਵਰੂਪ ਦੇ ਵਾਈਬ੍ਰੇਸ਼ਨ ਆਤਮਾਵਾਂ ਨੂੰ ਅਨੁਭਵ ਹੋਵੇ, ਸ਼ਕਤੀਸ਼ਾਲੀ ਸੇਵਾ ਹੋਵੇ। ਸਧਾਰਨ ਸੇਵਾ ਤਾਂ ਅੱਜਕਲ ਦੀ ਦੁਨੀਆਂ ਵਿੱਚ ਬਹੁਤ ਕਰਦੇ ਹਨ ਪਰ ਤੁਹਾਡੀ ਵਿਸ਼ੇਸ਼ਤਾ ਹੈ ਸ਼ਕਤੀਸ਼ਾਲੀ ਸੇਵਾ। ਬ੍ਰਾਹਮਣ ਆਤਮਾਵਾਂ ਨੂੰ ਵੀ ਸ਼ਕਤੀ ਦੀ ਪਾਲਣਾ ਜਰੂਰੀ ਹੈ। ਅੱਛਾ। ਬਾਪਦਾਦਾ ਨੇ ਸਾਹਮਣੇ ਦੇਸ਼ -ਵਿਦੇਸ਼ ਦੇ ਬੱਚੇ ਦੂਰ ਹੋਏ ਵੀ ਸਾਹਮਣੇ ਹਨ। ਬਾਪਦਾਦਾ ਜਾਣਦੇ ਹਨ ਸਭ ਇੱਕ ਹੀ ਸ਼ਬਦ ਬੋਲਦੇ ਹਨ - ਸਾਡੀ ਵੀ ਯਾਦ ਦੇਣਾ, ਸਾਡੀ ਵੀ ਯਾਦ ਦੇਣਾ। ਬਾਪਦਾਦਾ ਦੇ ਕੋਲ ਸਭ ਦੀ ਯਾਦ ਪਹੁੰਚਦੀ ਹੀ ਹੈ। ਭਾਵੇਂ ਪੱਤਰ ਦਵਾਰਾ, ਭਾਵੇਂ ਮੁਖ ਦਵਾਰਾ, ਭਾਵੇਂ ਕਾਰਡ ਦਵਾਰਾ, ਭਾਵੇਂ ਅੱਜਕਲ ਈ -ਮੇਲ ਦਵਾਰਾ ਭੇਜਦੇ ਹਨ। ਸਾਇੰਸ ਦੇ ਸਾਧਨ ਬਹੁਤ ਹੋ ਗਏ ਹਨ। ਬਾਪਦਾਦਾ ਦੇ ਕੋਲ ਸਾਧਨਾਂ ਦ੍ਵਾਰਾ ਵੀ ਯਾਦ ਪਹੁੰਚਦੀ ਹੈ ਅਤੇ ਦਿਲ ਦੀ ਆਵਾਜ਼ ਨਾਲ ਵੀ ਯਾਦ ਪਹੁੰਚਦੀ ਹੈ। ਸਭਤੋਂ ਜਲਦੀ ਦਿਲ ਦੀ ਆਵਾਜ਼ ਪਹੁੰਚਦੀ ਹੈ। ਤਾਂ ਅੱਜ ਦੇ ਦਿਨ ਜਿਨ੍ਹਾਂ ਨੇ ਵੀ ਦਿਲ ਨਾਲ, ਵੱਖ - ਵੱਖ ਸਾਧਨਾਂ ਨਾਲ ਯਾਦਪਿਆਰ ਭੇਜਿਆ ਹੈ ਉਹਨਾਂ ਸਭਨੂੰ ਬਾਪਦਾਦਾ ਯਾਦਪਿਆਰ ਦੇ ਰਹੇ ਹਨ। ਬੱਚਿਆਂ ਨੇ ਇੱਕ ਵਾਰ ਯਾਦ ਦਿੱਤੀ, ਬਾਪ ਪਦਮਗੁਣਾ ਰਿਟਰਨ ਵਿੱਚ ਯਾਦਪਿਆਰ ਦੇ ਰਹੇ ਹਨ। ਅੱਛਾ।

ਚਾਰੋਂ ਪਾਸੇ ਦੇ ਦਿਲ ਦੇ ਸਮੀਪ ਸਮਰਥ ਆਤਮਾਵਾਂ ਨੂੰ, ਸਦਾ ਸਮੇਂ ਤੇ ਹਰ ਸ਼ਕਤੀ ਨੂੰ ਸਵਰੂਪ ਦਵਾਰਾ ਪ੍ਰਤੱਖ ਕਰਨ ਵਾਲੇ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਸ਼ਕਤੀਆਂ ਦਵਾਰਾ ਆਤਮਾਵਾਂ ਦੀ ਪਾਲਣਾ ਦੇ ਨਿਮਿਤ ਬਣਨ ਵਾਲੇ ਬਾਪ ਦੇ ਸਹਿਯੋਗੀ ਆਤਮਾਵਾਂ ਨੂੰ, ਸਦਾ ਹਰ ਇੱਕ ਵਿੱਚ ਹਿੰਮਤ, ਉਮੰਗ ਅਤੇ ਉਤਸ਼ਾਹ ਦੇਣ ਵਾਲੇ ਉੱਡਦੀ ਕਲਾ ਵਾਲੀ ਆਤਮਾਵਾਂ ਨੂੰ, ਸਦਾ ਸਮਸਿਆ ਨੂੰ ਹਲ ਵਿੱਚ ਪ੍ਰੀਵਤਰਨ ਕਰਨ ਵਾਲੇ ਵਿਸ਼ਵ ਪਰਿਵਰਤਕ ਆਤਮਾਵਾਂ ਨੂੰ ਸਮ੍ਰਿਤੀ ਸਵਰੂਪ ਸੋ ਸਮਰਥ ਸਵਰੂਪ ਆਤਮਾਵਾਂ ਨੂੰ ਬਾਪਦਾਦਾ ਦਾ ਪਦਮਗੁਣਾਂ ਯਾਦਪਿਆਰ ਅਤੇ ਨਮਸਤੇ।

ਅੱਛਾ! ਅੱਜ ਖਾਸ ਇਹ ਸੰਗਮ ਭਵਨ ਹੈ ਨਾ, ਸੰਗਮ ਭਵਨ ਵਾਲੇ ਆਏ ਹਨ, ਉਨ੍ਹਾਂ ਦੀ ਵੀ ਸੇਵਾ ਘਟ ਨਹੀਂ ਹੈ। ਅੱਜ ਖਾਸ ਉਹਨਾਂ ਦੀ ਯਾਦ ਬਾਪਦਾਦਾ ਨੂੰ ਮਿਲੀ ਸੀ। ਰਸੀਵ ਕਰਨ ਦੀ ਸੇਵਾ ਵੀ ਘੱਟ ਨਹੀਂ ਹੈ। ਉਵੇਂ ਤਾਂ ਜੋ ਵੀ ਸ਼ਾਂਤੀਵਨ ਦੇ ਸੇਵਾਧਾਰੀ ਹਨ ਉਹਨਾਂ ਸਭਦੀ ਸੇਵਾ ਇੱਕ ਦੋ ਤੋਂ ਅੱਗੇ ਹੈ, ਅੱਛਾ ਹੈ। ਜਾਗਣਾ ਵੀ ਪੈਂਦਾ ਹੈ, ਚੱਲਣਾ ਵੀ ਪੈਂਦਾ ਹੈ, ਦੌੜਨਾ ਵੀ ਪੈਂਦਾ ਹੈ। ਸੰਤੁਸ਼ਟ ਕਰਨਾ ਵੀ ਪੈਂਦਾ ਹੈ। ਮੁਬਾਰਕ ਹੋਵੇ। ਪਾਂਡਵ ਭਵਨ ਵਾਲੇ, ਮਧੂਬਨ ਦੀ ਚਾਰ ਭੁਜਾਵਾਂ ਵਾਲੇ ਸਭ ਨੂੰ ਮੁਬਾਰਕ ਹੋਵੇ, ਮੁਬਾਰਕ ਹੋਵੇ।

ਡਬਲ ਫਾਰੇਨਰਸ ਦੇਖ ਰਹੇ ਹਨ, ਸਾਨੂੰ ਬਾਪਦਾਦਾ ਨੇ ਨਹੀਂ ਕਿਹਾ, ਡਬਲ ਫ਼ਾਰੇਨਰਸ ਨਾਲ ਸਭ ਬਾਪਦਾਦਾ ਸਹਿਤ ਦਾਦੀਆਂ ਦਾ, ਸਭ ਬ੍ਰਾਹਮਣਾਂ ਦਾ ਡਬਲ ਟ੍ਰਿਪਲ ਪਿਆਰ ਹੈ, ਕਿਉਂ? ਬਾਪਦਾਦਾ ਸਦੈਵ ਵਿਸ਼ੇਸ਼ਤਾ ਸੁਣਾਉਂਦੇ ਹਨ ਕਿ ਕਈ ਤਰ੍ਹਾਂ ਦੇ ਕਲਚਰ ਦੀ ਦੀਵਾਰਾਂ ਨੂੰ ਤੋੜ੍ਹਕੇ ਬ੍ਰਾਹਮਣ ਜੀਵਨ ਵਿੱਚ ਪਹੁੰਚ ਗਏ ਹਨ। ਬ੍ਰਾਹਮਣ ਕਲਚਰ ਵਾਲੇ ਬਣ ਗਏ ਹਨ ਅਤੇ ਲਗਦਾ ਹੀ ਨਹੀਂ ਕਿ ਇਹ ਕੋਈ ਦੂਸਰੇ ਦੇਸ਼ ਦੇ ਹਨ। ਆਪਣੇ ਭਾਰਤ ਦੇ ਹਨ ਅਤੇ ਸਦਾ ਰਹਿਣਗੇ ਇਸਲਈ ਡਬਲ ਵਿਦੇਸ਼ੀਆਂ ਨੂੰ ਵੀ ਬਹੁਤ -ਬਹੁਤ ਅਰਬ -ਖਰਬ ਮੁਬਾਰਕ ਹੋਵੇ। ਬਹੁਤ ਵਧੀਆ।

ਵਰਦਾਨ:- ਦੇਹ - ਭਾਨ ਤੋਂ ਨਿਆਰੇ ਬਣ ਪਰਮਾਤਮ ਪਿਆਰ ਦਾ ਅਨੁਭਵ ਕਰਾਉਣ ਵਾਲੇ ਕਮਲ ਆਸਣਧਾਰੀ ਭਵ

ਕਮਲ ਆਸਣ ਬ੍ਰਾਹਮਣ ਆਤਮਾਵਾਂ ਦੇ ਸ੍ਰੇਸ਼ਠ ਸਥਿਤੀ ਦੀ ਨਿਸ਼ਾਨੀ ਹੈ। ਇਵੇਂ ਕਮਲ ਆਸਣਧਾਰੀ ਆਤਮਾਵਾਂ ਦੇਹਭਾਨ ਤੋਂ ਖੁਦ ਨਿਆਰੀ ਰਹਿੰਦੀ ਹੈ। ਉਹਨਾਂ ਨੂੰ ਸ਼ਰੀਰ ਦਾ ਭਾਨ ਆਪਣੇ ਵਲ ਨਹੀਂ ਖਿੱਚਦਾ। ਜਿਵੇਂ ਬ੍ਰਹਮਾ ਬਾਪ ਚੱਲਦੇ ਫਿਰਦੇ ਫਰਿਸ਼ਤੇ ਰੂਪ ਅਤੇ ਦੇਵਤਾ ਰੂਪ ਸਦਾ ਸਮ੍ਰਿਤੀ ਵਿੱਚ ਰਿਹਾ। ਇਵੇਂ ਨੇਚਰੁਲ ਦੇਹੀ - ਅਭਿਮਾਨੀ ਸਥਿਤੀ ਸਦਾ ਰਹੇ ਇਸਨੂੰ ਕਹਿੰਦੇ ਹਨ ਦੇਹ -ਭਾਨ ਤੋਂ ਨਿਆਰੇ। ਇਵੇਂ ਦੇਹ -ਭਾਨ ਤੋਂ ਨਿਆਰੇ ਰਹਿਣ ਵਾਲੇ ਹੀ ਪਰਮਾਤਮ ਪਿਆਰੇ ਬਣ ਜਾਂਦੇ ਹਨ।

ਸਲੋਗਨ:- ਤੁਹਾਡੀ ਵਿਸ਼ੇਸ਼ਤਾਵਾਂ ਅਤੇ ਗੁਣ ਪ੍ਰਭੂ ਪ੍ਰਸਾਦ ਹੈ, ਉਹਨਾਂ ਨੂੰ ਮੇਰਾ ਮੰਨਣਾ ਹੀ ਦੇਹ - ਅਭਿਮਾਨ ਹੈ।

******